# ਨੀਲ ਦੀ ਸ਼ਹਿਜ਼ਾਦੀ

## • ਪਹਿਲੀ ਝਾਕੀ •

(ਸਟੇਜ ਉਤੇ ਨੀਲੀ ਰੌਸ਼ਨੀ। ਪੰਘੂੜੇ ਵਿਚ ਇਕ ਮੁਟਿਆਰ ਲੇਟੀ ਪਈ ਹੈ ਤੇ ਪੰਘੂੜਾ ਝੂਲ ਰਿਹਾ ਹੈ। ਉਹ ਮੁਟਿਆਰ ਕਿਸੇ ਦੀ ਉਡੀਕ ਵਿਚ ਹੈ ਤੇ ਉਹ ਪਰਦੇ ਦੇ ਮਗਰੋਂ ਉਭਰਦੀ ਗੀਤ ਦੀ ਆਵਾਜ਼ ਅਨੁਸਾਰ ਕਾਰਜ ਕਰਦੀ ਹੈ)

ਪਰਦੇ ਦੇ ਮਗਰੋਂ ਆਵਾਜ਼ :—

ਦੇਸ਼ ਮਿਸਰ ਵਿਚ ਲਹਿ ਲਹਿ ਕਰਦੀ ਸੀ ਇਕ ਨੀਲ ਦੀ ਵਾਦੀ,
ਪਰੀਆਂ ਵਰਗੀ ਸੁੰਦਰ ਉਸ ਵਿਚ ਰਹਿੰਦੀ ਸੀ ਸ਼ਹਿਜ਼ਾਦੀ।
ਸਾਗਰ ਦੇ ਵਿਚ ਖ਼ੂਬ ਬਣਾਇਆ, ਲਹਿਰਾਂ ਇਕ ਪੰਘੂੜਾ,
ਉਸ ਦਾ ਰੰਗ ਅਸਮਾਨੀ ਨੀਲਾ, ਨਾ ਫਿਕਾ ਨਾ ਗੂਹੜਾ।
ਉਸ ਪੰਘੂੜੇ ਝੂਟੇ ਲੈਂਦੀ, ਸੁਤੀ ਉਹ ਸ਼ਹਿਜ਼ਾਦੀ,
ਮਸਤੀ ਦੇ ਵਿਚ ਡੁਬੀ ਹੋਈ, ਉਹ ਖ਼ਾਬਾਂ ਦੀ ਵਾਦੀ।
ਕਦੇ ਕਦੇ ਉਹ ਉਠ ਕੇ ਬਹਿੰਦੀ, ਤਕਦੀ ਚਾਰ ਚੁਫੇਰੇ,
ਬਿਟ ਬਿਟ ਵੇਖੇ ਰਾਹ ਕਿਸੇ ਦਾ, ਧੌਣ ਚੁਫੇਰੇ ਫੇਰੇ।
ਜੱਦ ਉਹਨੂੰ ਨਾ ਨਜ਼ਰੀ ਆਵੇ, ਖ਼ਾਬਾਂ ਦਾ ਸ਼ਹਿਜ਼ਾਦਾ,
ਪਾਣੀ ਦੇ ਵਿਚ ਖੁਰਦਾ ਜਾਪੇ, ਉਸ ਦਾ ਜੋਬਨ ਸਾਦਾ।
ਆਪਣੇ ਅੰਗਾਂ ਤੇ ਹਥ ਫੇਰੇ, ਤਕਦੀ ਹਾਰ ਹਮੇਲਾਂ,
ਬਾਹਾਂ ਉਸ ਨੂੰ ਜਾਪਣ ਏਦਾਂ, ਜਿਉ ਕੁਮਲਾਈਆਂ ਵੇਲਾਂ।
ਬੁਲ੍ਹਾਂ ਦੇ ਵਿਚ ਪਾਣੀ ਭਰ ਕੇ ਅੰਬਰ ਵਲ ਉਛਾਲੇ,
ਜਿਉਂ ਸਿਪੀਆਂ ਦੇ ਮੂੰਹਾਂ ਵਿਚੋਂ, ਮੋਤੀ ਦੇਣ ਵਿਖਾਲੇ।
ਆਖ਼ਰ ਇਕ ਅੰਗੜਾਈ ਲੈ ਕੇ ਸੌਂ ਗਈ ਫੇਰ ਸ਼ਹਿਜ਼ਾਦੀ,

ਪਹੁੰਚ ਗਈ ਉਹ ਹੌਲੇ ਹੌਲੇ, ਫਿਰ ਖ਼ਾਬਾਂ ਦੀ ਵਾਦੀ !

(ਕਿਸੇ ਦੇ ਆਉਣ ਦੀ ਆਵਾਜ਼, ਇਕ ਮਿਸਰੀ ਨੌਜਵਾਨ ਹੌਲੇ ਹੌਲੇ ਸਟੇਜ ਉਤੇ ਆਉਂਦਾ ਹੈ। ਇਕ ਹਥ ਵਿਚ ਗੁਲਦਸਤਾ ਤੇ ਦੂਜੇ ਵਿਚ ਮੋਰ ਦਾ ਖੰਭ ਹੈ। ਪਿਛੋਂ ਉਭਰਦੀ ਆਵਾਜ਼ ਅਨੁਸਾਰ ਕਾਰਜ ਕਰਦਾ ਹੈ)

ਪਰਦੇ ਪਿਛੋਂ ਆਵਾਜ਼ :—

ਆਖ਼ਰ ਇਕ ਸ਼ਹਿਜ਼ਾਦਾ ਆਇਆ, ਔਕੜਾਂ ਪਰ੍ਹਾਂ ਹਟਾਂਦਾ,
ਹੌਲੇ ਹੌਲੇ ਕਦਮ ਟਿਕਾਂਦਾ, ਬੁਲ੍ਹਾਂ ਵਿਚ ਮੁਸਕਾਂਦਾ।
ਇਕ ਹੱਥ ਅੰਦਰ ਉਸ ਗੁਲਦਸਤਾ, ਆਪਣੇ ਨਾਲ ਲਿਆਂਦਾ,
ਖੰਭ ਮੋਰ ਦਾ ਦੂਜੇ ਹੱਥ ਵਿਚ ਆਇਆ ਖ਼ੂਬ ਹਿਲਾਂਦਾ।
ਚੁਪ ਚੁਪੀਤੇ ਹੌਲੀ ਹੌਲੀ, ਸਿਰ ਦੇ ਪਾਸੇ ਜਾ ਕੇ,
ਲੁਕ ਗਿਆ ਉਹ ਖੰਭ ਉਹਦੀਆਂ ਗਲ੍ਹਾਂ ਨਾਲ ਛੁਹਾ ਕੇ।
ਝਟ ਪਟ ਜਾਗੀ ਫੇਰ ਸ਼ਹਿਜ਼ਾਦੀ, ਤਕਿਆ ਚਾਰ ਚੁਫੇਰਾ,
ਉਠੀ ਦੌੜ ਕੇ ਹਰ ਥਾਂ ਡਿਠਾ, ਕੋਈ ਨਾ ਦਿਸਿਆ ਚਿਹਰਾ।
ਪਿਛਲੇ ਪਾਸਿਓਂ ਉਠ ਸ਼ਹਿਜ਼ਾਦਾ, ਟਾਹ ਟਾਹ ਕਰ ਕੇ ਹਸਿਆ,
ਝਟ ਪਟ ਪਿਛਾਂਹ ਮੁੜੀ ਸ਼ਹਿਜ਼ਾਦੀ, ਮਿਹਰਾਂ ਦਾ ਮੀਂਹ ਵਸਿਆ।
ਕੁਝ ਸ਼ਹਿਜ਼ਾਦੀ ਅਗੇ ਆਈ, ਕੁਝ ਸ਼ਹਿਜ਼ਾਦਾ ਆਇਆ,
ਅਗੇ ਵੱਧ ਕੇ ਉਸ ਗੁਲਦਸਤਾ, ਉਸ ਦੇ ਹੱਥ ਫੜਾਇਆ।
ਉਸ ਗੁਲਦਸਤਾ ਫੁਲਾਂ ਵਰਗੇ ਬੁਲ੍ਹਾਂ ਨਾਲ ਛੁਹਾ ਕੇ,
ਫੁਲਾਂ ਵਰਗੇ ਹਥ ਨੂੰ ਫੜਿਆ ਬੁਲ੍ਹਾਂ ਵਿਚ ਮੁਸਕਾ ਕੇ।

(ਬੜੀ ਡਰਾਉਣੀ ਆਵਾਜ਼। ਦੋ ਨਕਾਬਪੋਸ਼ ਡਾਕੂ ਸਟੇਜ ਉਤੇ ਆਉਂਦੇ ਹਨ। ਇਕ ਦਾ ਨਕਾਬ ਯੂਨੀਅਨ ਜੈਕ ਤੇ ਦੂਜੇ ਦਾ ਫ਼ਰਾਂਸ ਦਾ ਕੌਮੀ ਨਿਸ਼ਾਨ ਪ੍ਰਗਟ ਕਰਦਾ ਹੈ)

ਪਰਦੇ ਪਿਛੋਂ ਆਵਾਜ਼ :—

ਇਤਨੇ 'ਚ ਲਹਿੰਦੇ ਪਾਸਿਓਂ, ਦੋ ਡਾਕੂ ਆ ਗਏ,
ਬਦਲ ਗ਼ਮਾਂ ਦੇ ਇਹਨਾਂ ਦੇ ਮੁਖਾਂ ਤੇ ਛਾ ਗਏ।
ਸ਼ਹਿਜ਼ਾਦੀ ਝਟ ਸ਼ਹਿਜ਼ਾਦੇ ਨਾਲ ਡਰ ਕੇ ਛਹਿ ਗਈ,
ਫ਼ਰਿਆਦ ਉਹਦੇ ਹਾਸਿਆਂ ਤੇ ਆ ਕੇ ਬਹਿ ਗਈ।
ਇਕ ਡਾਕੂ ਨੇ ਸ਼ਹਿਜ਼ਾਦੀ ਦੀ ਵੀਣੀ ਨੂੰ ਫੜ ਲਿਆ,
ਜਿਉਂ ਫੁਲ ਗੁਲਾਬ ਦਾ ਲੋਹੇ ਦੀ ਮੁਠ ਆ ਗਿਆ।

ਦੂਜੇ ਨੇ ਝਟ ਸ਼ਹਿਜ਼ਾਦੇ ਨੂੰ ਕੋਈ ਜਾਦੂ ਕਰ ਦਿਤਾ,
ਉਸ ਹਥ ਆਪਣਾ ਉਸ ਦੇ ਚਿਹਰੇ ਤੇ ਧਰ ਦਿਤਾ।
ਇਤਨੇ 'ਚ ਹੀ ਸ਼ਹਿਜ਼ਾਦਾ ਝਟ ਬੇਹੋਸ਼ ਹੋ ਗਿਆ,
ਬੇਹੋਸ਼ ਹੋ ਕੇ ਧਰਤੀ ਤੇ ਚੌਫਾਲ ਜਾ ਪਿਆ।
ਸ਼ਹਿਜ਼ਾਦੀ ਆਪਣੀ ਬਾਂਹ ਉਹਦੇ ਵਲ ਕਰਦੀ ਰਹਿ ਗਈ,
ਹੌਕੇ ਤੇ ਹੌਕਾ ਉਹ ਵਿਚਾਰੀ ਭਰਦੀ ਰਹਿ ਗਈ।
ਉਹ ਵੇਲ ਵਾਂਗੂ ਧੂ ਕੇ ਉਸ ਤੋਂ ਉਸ ਨੂੰ ਲੈ ਗਏ,
ਏਦਾਂ ਵਿਛੋੜੇ ਦੋਹਾਂ ਦੇ ਵਿਚਾਲੇ ਪੈ ਗਏ।

[ਕਿਸੇ ਦੇ ਦਾਖ਼ਲ ਹੋਣ ਦੀ ਆਵਾਜ਼]

ਇਕ ਮੇਮ ਉਸ ਜਗ੍ਹਾ ਤੇ ਝਟ ਏਨੇ 'ਚ ਆ ਗਈ,
ਰੋਂਦੀ ਸ਼ਹਿਜ਼ਾਦੀ ਵੇਖ ਕੇ ਉਹ ਮੁਸਕਰਾ ਪਈ।
ਉਸ ਹਾਰ ਉਸ ਦੇ ਗਲ ਚੋਂ ਲਾਹ ਕੇ ਆਪ ਪਾ ਲਿਆ,
ਉਸ ਮੇਮ ਏਦਾਂ ਆਪਣਾ ਜੋਬਨ ਸਜਾ ਲਿਆ।
ਕਿਸੇ ਨੇ ਛਾਪਾਂ ਲਾਹ ਲਈਆਂ ਵੀਣੀ ਮਰੋੜ ਕੇ,
ਉਸ ਮੇਮ ਕਾਂਟੇ ਪਾ ਲਏ, ਕੰਨਾਂ ਚੋਂ ਤੋੜ ਕੇ।

[ਦਰਦਨਾਕ ਆਵਾਜ਼ ਵਿਚ]

ਏਦਾਂ ਨਹਿਰ ਸੁਏਜ਼ ਨੂੰ ਲੁਟ ਲੁਟ ਕੇ,
ਡਾਕੂ ਸਾਮਰਾਜੀ ਮਾਲਾਮਾਲ ਹੋ ਗਏ।
ਐਪਰ ਭੁਖ ਗ਼ਰੀਬੀ ਦੇ ਜਾਲ ਅੰਦਰ,
ਲੋਕ ਮਿਸਰ ਦੇ ਉਕਾ ਕੰਗਾਲ ਹੋ ਗਏ।

[ ਪਰਦਾ ਡਿਗਦਾ ਹੈ ]

## • ਦੂਜੀ ਝਾਕੀ •

[ਚਾਰ ਮਿਸਰੀ ਗਭਰੂ ਤੇ ਇਕ ਮੁਟਿਆਰ ਸਟੇਜ ਉਤੇ ਗਾਂਦੇ ਦਾਖ਼ਲ ਹੁੰਦੇ ਹਨ]

ਹੇ ਜਗਤ ਦੇ ਵਾਸੀਓ,
ਲੋਕ ਵੇਖੋ ਮਿਸਰ ਦੇ, ਕਿਤਨੇ ਦੁਖੜੇ ਜਰ ਰਹੇ।
ਪਰ ਬਦੇਸ਼ੀ ਬਾਹਰਲੇ,
ਲੁਟ ਕੇ ਸਾਡੇ ਦੇਸ਼ ਨੂੰ ਝੋਲੀਆਂ ਨੇ ਭਰ ਰਹੇ।

ਜੀਣ ਨੂੰ ਹਾਂ ਜੀ ਰਹੇ,
ਖ਼ੂਨ ਆਪਣੇ ਜਿਗਰ ਦਾ, ਕਰ ਕੇ ਪਾਣੀ ਪੀ ਰਹੇ।
ਵੇਖੋ ਕਿਤਨਾ ਜ਼ੁਲਮ ਹੈ,
ਨਹਿਰ ਦੇ ਕੰਢੇ ਤੇ ਵੀ, ਹਾਂ ਪਿਆਸੇ ਮਰ ਰਹੇ।
ਵੇਖਦੇ ਹੀ ਰਹਿ ਗਏ,
ਡਾਕੂਆਂ ਨੇ ਲੁਟ ਲਿਆ, ਢਾਹ ਕੇ ਵੈਰੀ ਬਹਿ ਗਏ।
ਕਿਤਨੇ ਦੁਖ ਦੀ ਗਲ ਹੈ,
ਆਪਣੀ ਹੀ ਚੀਜ਼ ਨੂੰ, ਹੱਥ ਲਾਣੋਂ ਡਰ ਰਹੇ।
ਹੇ ਜਗਤ ਦੇ ਵਾਸੀਓ,
ਲੋਕ ਵੇਖੋ ਮਿਸਰ ਦੇ, ਕਿਤਨੇ ਦੁਖੜੇ ਜਰ ਰਹੇ।

[ਸਟੇਜ ਉਤੇ ਨਿਰਾਸ ਹੋ ਕੇ ਬਹਿ ਜਾਂਦੇ ਹਨ। ਇਕ ਪਾਸਿਓਂ ਪਰਦੇ ਦੇ ਮਗਰੋਂ ਆਵਾਜ਼ ਉਭਰਦੀ ਹੈ ਤੇ ਹੌਲੀ ਹੌਲੀ ਸਟੇਜ ਉਤੇ ਡਾਕੂਆਂ ਸਮੇਤ ਫੜੀ ਸ਼ਹਿਜ਼ਾਦੀ ਗੀਤ ਗਾਂਦੀ ਆ ਜਾਂਦੀ ਹੈ]

ਮਿਸਰ ਦੇ ਲੋਕੋ ਜਾਗੋ, ਹੁਣ ਨੀਂਦ ਨੂੰ ਤਿਆਗੋ,
ਮੈਂ ਧੀ ਤੁਹਾਡੀ ਡਾਕੂਆਂ ਦੇ ਕਾਬੂ ਆ ਗਈ,
ਕੰਗਾਲੀ ਛਾ ਗਈ।
ਮੇਰੇ ਸੁਨਹਿਰੀ ਖੰਭਾਂ ਨੂੰ ਇਹਨਾਂ ਨੇ ਖੋਹ ਲਿਆ,
ਬਥੇਰਾ ਕੋਹ ਲਿਆ।
ਮੇਰੇ ਸਰੀਰ ਚੋਂ ਇਹਨਾਂ ਨੇ ਖ਼ੂਨ ਚੋ ਲਿਆ।
ਹਰ ਕੋਨਾ ਟੋਹ ਲਿਆ।
ਮਿਸਰ ਦੇ ਲੋਕੋ ਜਾਗੋ... ... ...

ਇਕ ਲੱਖ ਵੀਹ ਹਜ਼ਾਰ ਜੋ ਸ਼ਹੀਦ ਹੋ ਗਏ,
ਉਠ ਕੇ ਖਲੋ ਗਏ।
ਉਹ ਆਪਣਾ ਬਦਲਾ ਲੈਣ ਲਈ ਵੰਗਾਰਦੇ ਪਏ,
ਤੁਹਾਨੂੰ ਬੁਲਾ ਰਹੇ।
ਮਿਸਰ ਦੇ ਲੋਕੋ ਜਾਗੋ... ... ...

ਸਫ਼ੇਦ ਦਿਓ ਦੇ ਪੰਜੇ ਚੋਂ ਮੈਨੂੰ ਛੁੜਾ ਲਵੇ,
ਕੋਈ ਪੁੰਨ ਕਮਾ ਲਵੇ।

ਕੋਈ ਤਾਂ ਸ਼ਾਹ ਬੈਹਰਾਮ ਹੁਣ, ਮਨੂੰ ਬਚਾ ਲਵੇ,
ਆਪਣੀ ਬਣਾ ਲਵੇ।
ਮਿਸਰ ਦੇ ਲੋਕੋ ਜਾਗੋ... ... ...

[ਹੌਲੇ ਹੌਲੇ ਮਿਸਰੀ ਹੋਸ਼ ਵਿਚ ਆਉਂਦੇ ਹਨ ਤੇ ਨਾਲ ਹੀ ਉਹੋ ਸ਼ਹਿਜ਼ਾਦਾ ਛਾਲ ਮਾਰ ਕੇ ਸਟੇਜ ਉਤੇ ਆ ਜਾਂਦਾ ਹੈ ਤੇ ਪਰਦੇ ਮਗਰੋਂ ਆਵਾਜ਼ ਉਭਰਦੀ ਹੈ —

ਆਖ਼ਰਕਾਰ ਬੇਹੋਸ਼ੀ ਦਾ ਕੜ ਟੁਟਾ,
ਮਿਸਰ ਜਾਗਿਆ, ਉਹਦੇ ਜਵਾਨ ਜਾਗੇ।
ਲਹਿਰਾਂ ਜਾਗੀਆਂ ਉਹਨਾਂ ਨੂੰ ਹੋਸ਼ ਆਈ,
ਇਕ ਇਕ ਕਤਰੇ 'ਚੋਂ ਕਈ ਤੂਫ਼ਾਨ ਜਾਗੇ।

[ਸ਼ਹਿਜ਼ਾਦਾ ਵਧ ਕੇ ਅਗਾਂਹ ਹੁੰਦਾ ਤੇ ਸ਼ਹਿਜ਼ਾਦੀ ਨੂੰ ਬਾਹੋਂ ਫੜ ਕੇ ਡਾਕੂਆਂ ਤੋਂ ਖੋਹ ਲੈਂਦਾ ਹੈ। ਸ਼ਹਿਜ਼ਾਦੀ ਖ਼ੁਸ਼ ਹੋ ਕੇ ਸ਼ਹਿਜ਼ਾਦੇ ਨਾਲ ਆ ਲਗਦੀ ਹੈ। ਬਾਕੀ ਦੋ ਮਿਸਰੀ ਜਵਾਨ ਤੇ ਮੁਟਿਆਰ ਵੀ ਸ਼ਹਿਜ਼ਾਦੀ ਨੂੰ ਆਪਣੇ ਘੇਰੇ ਵਿਚ ਲੈਂਦੇ ਹਨ। ਡਾਕੂ ਨਿਰਾਸ਼ ਹੋ ਕੇ ਸਟੇਜ ਤੋਂ ਚਲੇ ਜਾਂਦੇ ਹਨ। ਪਰਦੇ ਪਿਛੋਂ ਆਵਾਜ਼ ਉਭਰਦੀ ਹੈ]

ਮੁੜ ਕੇ ਵੇਲ ਆ ਸਰੂ ਦੇ ਗਲ ਲਗੀ,
ਵਿਛੜੇ ਚਿਰਾਂ ਤੋਂ ਦੋਵੇਂ ਪਿਆਰ ਮਿਲ ਗਏ।
ਸੁਕੀ ਨਹਿਰ ਵਿਚ ਪਾਣੀ ਦੀ ਲਹਿਰ ਆਈ,
ਕਲੀਆਂ ਟਹਿਕੀਆਂ, ਦਿਲਾਂ ਦੇ ਫੁਲ ਖਿਲ ਗਏ।

(ਥੋੜਾ ਜਿਹਾ ਖ਼ੁਸ਼ੀ ਦਾ ਨਾਚ, ਇਤਨੇ ਵਿਚ ਹੀ ਫ਼ੌਜੀ ਮਾਰਚ ਦੀ ਆਵਾਜ਼ "ਲੈਫ਼ਟ ਰਾਈਟ" ਜੰਗੀ ਬਿਗਲ ਤੇ ਹਵਾਈ ਜਹਾਜ਼ ਚਲਣ ਦੀ ਆਵਾਜ਼। ਸ਼ਹਿਜ਼ਾਦੀ ਤੇ ਸ਼ਹਿਜ਼ਾਦਾ ਆਪਣੇ ਸਾਥੀਆਂ ਸਮੇਤ ਇਕ ਪਾਸੇ ਨਿਕਲ ਜਾਂਦੇ ਹਨ ਤੇ ਇਤਨੇ ਵਿਚ ਦੋਵੇਂ ਡਾਕੂ ਘਾਬਰੇ ਹੋਏ ਸਟੇਜ ਉਤੇ ਆਉਂਦੇ ਹਨ ਤੇ ਪਿਛੋਂ ਆਵਾਜ਼ ਉਭਰਦੀ ਹੈ)

ਮੁੜ ਕੇ ਫੇਰ ਸ਼ਹਿਜ਼ਾਦੀ ਨੂੰ ਖੋਹਣ ਖ਼ਾਤਰ,
ਡਾਕੂ ਜੰਗ ਦੇ ਮਤੇ ਪਕਾਉਣ ਲਗੇ
ਇਸ ਗਲ ਨੂੰ ਸਿਰੇ ਚੜ੍ਹਾਉਣ ਦੇ ਲਈ,

ਲੰਡਨ ਵਿਚ ਇਕ ਸਭਾ ਬੁਲਾਉਣ ਲਗੇ।

(ਪਰਦਾ ਡਿਗਦਾ ਹੈ)

## • ਤੀਜੀ ਝਾਕੀ •

(ਸਟੇਜ ਉਤੇ ਕੇਵਲ ਯੂਨੀਅਨ ਜੈਕ ਦਾ ਟੋਪ ਪਾਈ ਇਕ ਅੰਗਰੇਜ਼ ਖਲੋਤਾ ਹੈ। ਖਬੇ ਪਾਸਿਓਂ ਫ਼ਰਾਂਸੀਸੀ ਤੇ ਸਜੇ ਪਾਸਿਓਂ ਅਮਰੀਕੀ ਆਪਣੇ ਆਪਣੇ ਟੋਪ ਪਾਈ ਆ ਜਾਂਦੇ ਹਨ। ਉਨ੍ਹਾਂ ਕੋਲ ਬਹੁਤ ਸਾਰੀਆਂ ਫ਼ਾਈਲਾਂ ਹਨ। ਦੋਹਾਂ ਪਾਸਿਆਂ ਤੋਂ ਕੁਝ ਦੇਸ਼ਾਂ ਦੇ ਨੁਮਾਂਇੰਦੇ ਕਠਪੁਤਲੀਆਂ ਵਾਂਗ ਟੁਰਦੇ ਸਟੇਜ ਉਤੇ ਆ ਕੇ ਖਲੋਂਦੇ ਜਾਂਦੇ ਹਨ। ਹਰ ਇਕ ਨੂੰ ਉਹ ਆਪਣੀ ਫ਼ਾਈਲ ਫੜਾਈ ਜਾਂਦੇ ਹਨ। ਇਹ ਤਿੰਨੋਂ ਉਹਨਾਂ ਦੇ ਪਿਛੇ ਹਨ। ਹਿੰਦੁਸਤਾਨ, ਰੂਸ, ਇੰਡੋਨੇਸ਼ੀਆ ਤੇ ਲੰਕਾ ਵਾਲੇ ਆਮ ਸਾਧਾਰਨ ਢੰਗ ਨਾਲ ਸ਼ਾਨ ਨਾਲ ਟੁਰਦੇ ਆਉਂਦੇ ਹਨ ਤੇ ਫ਼ਾਈਲਾਂ ਲੈਣ ਤੋਂ ਇਨਕਾਰ ਕਰ ਦੇਂਦੇ ਹਨ। ਫਿਰ ਵੋਟਾਂ ਦਾ ਸਮਾਂ ਆਉਂਦਾ ਹੈ ਤਾਂ ਅੰਗ੍ਰੇਜ਼, ਫ਼ਰਾਂਸੀਸੀ ਤੇ ਅਮਰੀਕਾ ਦੇ ਇਸ਼ਾਰਿਆਂ ਉਤੇ, ਇਹਨਾਂ ਚੋਹਾਂ ਦੇਸ਼ਾਂ ਤੋਂ ਬਿਨਾ, ਸਭ ਕਠਪੁਤਲੀਆਂ ਵਾਂਗ ਹੱਥ ਖੜੇ ਕਰਦੇ ਹਨ। ਉਹਨਾਂ ਚਾਰ ਦੇਸ਼ਾਂ ਦੇ ਨੁਮਾਂਇੰਦੇ ਪਰੋਟੈਸਟ ਵਜੋਂ ਸਟੇਜ ਤੋਂ ਗ਼ੁਸੇ ਵਿਚ ਨਿਕਲ ਜਾਂਦੇ ਹਨ।

ਪਿਛੋਂ ਸਾਹਮਣੇ ਆ ਕੇ ਅੰਗਰੇਜ਼ ਤੇ ਫ਼ਰਾਂਸੀਸੀ ਇਸ਼ਾਰਿਆਂ ਵਿਚ ਉਹਨਾਂ ਨੂੰ ਜੰਗ ਲਈ ਤਿਆਰ ਹੋਣ ਲਈ ਕਹਿੰਦੇ ਹਨ। ਉਸ ਸਮੇਂ ਛੇ ਹੋਰ ਦੇਸ਼ ਉਹਨਾਂ ਦਾ ਸਾਥ ਛਡ ਕੇ ਤੇ ਫ਼ਾਈਲਾਂ ਉਹਨਾਂ ਦੇ ਸਾਹਮਣੇ ਸੁਟ ਕੇ ਚਲੇ ਜਾਂਦੇ ਹਨ, ਜਿਨ੍ਹਾਂ ਵਿਚ ਪਾਕਿਸਤਾਨ ਵੀ ਸ਼ਾਮਲ ਹੈ। ਅੰਗਰੇਜ਼ਾਂ ਤੇ ਫ਼ਰਾਂਸੀਸੀਆ ਦੇ ਗ਼ੁਸੇ ਦਾ ਕੋਈ ਅੰਤ ਨਹੀਂ ਰਹਿੰਦਾ)

[ਪਰਦਾ ਡਿਗਦਾ ਹੈ]

## • ਚੌਥੀ ਝਾਕੀ •

(ਸ਼ਹਿਜ਼ਾਦੀ ਤੇ ਸ਼ਹਿਜ਼ਾਦਾ, ਦੋ ਮਿਸਰੀ ਜੁਆਨਾਂ ਤੇ ਇਕ

ਮਿਸਰੀ ਮੁਟਿਆਰ ਨਾਲ ਗਾਂਦੇ ਗਾਂਦੇ ਸਟੇਜ ਉਤੇ ਆਉਂਦੇ ਹਨ
ਉਹਨਾਂ ਦੇ ਹੱਥ ਵਿਚ ਮਿਸਰ ਦਾ ਕੌਮੀ ਨਿਸ਼ਾਨ ਹੈ)

ਹੇ ਸੱਚ ਦੇ ਵਪਾਰੀਓ,ਅਮਨ ਦੇ ਆਸ਼ਕੋ,
ਸਮਝੋ ਸਮੇਂ ਦੀ ਚਾਲ, ਸਾਡੇ ਨਾਲ ਆ ਮਿਲੋ ।
ਇਹ ਸਾਮਰਾਜੀ ਚਾਹੁੰਦੇ ਨੇ ਫੁਲਾਂ ਨੂੰ ਸਾੜਨਾਂ,
ਈਸਾ ਦੇ ਭਗਤ ਈਸਾ ਨੂੰ ਸੂਲੀ ਤੇ ਚਾੜ੍ਹਨਾਂ ।
ਆਜ਼ਾਦ ਹੋਈਆਂ ਬੁਲਬੁਲਾਂ ਨੂੰ ਫੇਰ ਤਾੜਨਾਂ,
ਕੌਮੀ ਆਜ਼ਾਦੀ ਦੀ ਸ਼ਮ੍ਹਾਂ ਬੁਝਣੋਂ ਬਚਾ ਲਵੋ,
ਸਮਝੋ ਸਮੇਂ ਦੀ ਚਾਲ, ਸਾਡੇ ਨਾਲ ਆ ਮਿਲੋ ।

ਹੱਕ ਤੇ ਨਿਆਂ ਹੈ ਇਕ ਤਰਫ਼ ਤੇ ਜਬਰ ਦੂਜੀ ਵਲ
ਇਨਸਾਫ਼ ਦੀ ਇਹ ਮੰਗ ਹੈ ਕਿ ਸਾਡੇ ਨਾਲ ਰਲ ।
ਜਬਰ ਨਾ ਚਾਲ ਫਿਰ ਕੋਈ ਸਕੇਗਾ ਮੂਲ ਚਲ,
ਕਦਮ ਕਦਮ ਦੇ ਨਾਲ ਹੁਣ ਆਪਣੇ ਮਿਲਾ ਟੁਰੋ ।
ਸਮਝੋ ਸਮੇਂ ਦੀ ਚਾਲ, ਸਾਡੇ ਨਾਲ ਆ ਮਿਲੋ ।

[ਇਤਨੇ ਵਿਚ ਇਕ ਪਾਸਿਓਂ ਇਕ ਚੀਨੀ, ਚੀਨ ਦਾ ਕੌਮੀ ਝੰਡਾ ਲੈ ਕੇ ਆ ਜਾਂਦਾ ਹੈ। ਦੂਜੇ ਪਾਸਿਓਂ ਇਕ ਹਿੰਦੀ ਭਾਰਤ ਦਾ ਕੌਮੀ ਨਿਸ਼ਾਨ ਲੈ ਕੇ ਆ ਰਲਦਾ ਹੈ। ਇਸ ਤਰ੍ਹਾਂ ਹੋਰ ਇੰਡੋਨੇਸ਼ੀਆ, ਲੰਕਾ, ਬਰ੍ਹਮਾਂ ਤੇ ਮੁਸਲਮਾਨ ਦੇਸ਼ਾਂ ਦੇ ਨੁਮਾਂ-ਇੰਦੇ ਵੀ ਆ ਰਲਦੇ ਹਨ ਤੇ ਸਾਰੇ ਮਿਲ ਕੇ ਇਹ ਗੀਤ ਗਾਂਦੇ ਹਨ]

ਇਕ ਹੋਇਆ ਏਸ਼ੀਆ ਮਹਾਨ,
ਲਹਿਰ ਲਹਿਰ ਮਿਲ ਕੇ ਵੇਖੋ ਬਣ ਗਿਆ ਤੂਫ਼ਾਨ ।
ਇਕ ਹੋਰ ਸੁਕੀ ਨਾੜ ਵਿਚ ਹੈ ਖ਼ੂਨ ਚਲ ਪਿਆ,
ਇਕ ਹੋਰ ਮੋਤੀ ਸਿਪੀ 'ਚੋਂ ਨਿਕਲ ਕੇ ਲਿਸ਼ਕਿਆ ।
ਇਕ ਹੋਰ ਦੇਸ਼ ਹੋ ਗਿਆ ਅਮਨ ਦਾ ਪਾਸਬਾਨ,
ਇਕ ਹੋਇਆ ਏਸ਼ੀਆ ਮਹਾਨ ... ...
ਸੁਵੇਜ਼ ਮਿਸਰ ਦੀ ਨਹੀਂ, ਹੈ ਏਸ਼ੀਆ ਦੀ ਧੀ,
ਭਾਰਤ ਦੀ ਗੰਗਾ, ਚੀਨ ਦੀ ਇਹ ਹੈ ਯਾਂਗਸੀ ।
ਇਹ ਬਣ ਗਈ, ਹੈ ਏਸ਼ੀਆ ਦਾ ਧਰਮ ਤੇ ਈਮਾਨ,

ਇਕ ਹੋਇਆ ਏਸ਼ੀਆ ਮਹਾਨ ... ...
ਅਜ ਹਰ ਲਿਤਾੜੀ ਏਸ਼ੀਆ ਦੀ ਕੌਮ ਕੜਕ ਪਈ,
ਤੇ ਤੇਲ ਦੇ ਖੂਹਾਂ 'ਚੋਂ ਜਵਾਲਾ ਭੜਕ ਪਈ।
ਸੜੇਗਾ ਸਾਮਰਾਜ ਦਾ ਇਹਦੇ 'ਚ ਹਰ ਗੁਮਾਨ,
ਇਕ ਹੋਇਆ ਏਸ਼ੀਆ ਮਹਾਨ ... ...

[ਪਰਦਾ ਡਿਗਦਾ ਹੈ]